ਨਿਊਜ਼ ਰਿਲੀਜ਼

# ਨਿਆਂ ਤੱਕ ਪਹੁੰਚ ਨੂੰ ਵਧਾਉਣ ਲਈ ਭਾਈਚਾਰਿਆਂ ਨੂੰ ਸਮਰੱਥ ਬਣਾਉਣਾ

30 ਜਨਵਰੀ, 2024

ਇੱਕ ਨਵੀਂ ਇੱਕ-ਵਾਰ ਦੀ ਗ੍ਰਾਂਟ ਅਲਬਰਟਾ ਵਾਸੀਆਂ ਲਈ ਨਿਆਂ ਤੱਕ ਪਹੁੰਚ ਵਧਾਉਣ ਲਈ ਭਾਈਚਾਰਾ-ਆਧਾਰਿਤ ਪਹਿਲਕਦਮੀਆਂ ਦਾ ਸਮਰਥਨ ਕਰੇਗੀ।

ਕਾਨੂੰਨੀ ਮੁੱਦਿਆਂ ਨੂੰ ਰਵਾਇਤੀ ਅਦਾਲਤੀ ਪ੍ਰਣਾਲੀ ਤੋਂ ਬਾਹਰ ਹੱਲ ਕਰਨਾ ਸ਼ਾਮਲ ਧਿਰਾਂ ਲਈ ਘੱਟ ਤਣਾਅ ਭਰਿਆ ਹੋ ਸਕਦਾ ਹੈ, ਅਦਾਲਤ ਵਿਚ ਜਾਣ ਨਾਲੋਂ ਘੱਟ ਮਹਿੰਗਾ ਅਤੇ ਤੇਜ਼ ਹੋ ਸਕਦਾ ਹੈ, ਅਤੇ ਅਲਬਰਟਾ ਵਾਸੀਆਂ ਦੀ ਵੱਧ ਰਹੀ ਗਿਣਤੀ ਨੇ ਮੁੱਦਿਆਂ ਨੂੰ ਅਦਾਲਤਾਂ ਦੀ ਬਜਾਏ ਆਪਣੇ ਭਾਈਚਾਰਿਆਂ ਦੇ ਅੰਦਰ ਹੱਲ ਕਰਨ ਲਈ ਤਰਜੀਹ ਦਿਖਾਈ ਹੈ।

ਅਲਬਰਟਾ ਵਾਸੀਆਂ ਨੂੰ ਫੌਜ਼ਦਾਰੀ, ਪਰਿਵਾਰਕ ਅਤੇ ਦਿਵਾਨੀ ਨਿਆਂ ਮਾਮਲਿਆਂ ਨੂੰ ਅਦਾਲਤੀ ਕਮਰੇ ਤੋਂ ਬਾਹਰ ਹੱਲ ਕਰਨ ਦੀਆਂ ਹੋਰ ਚੋਣਾਂ ਦੇਣ ਲਈ, ਅਲਬਰਟਾ ਦੀ ਸਰਕਾਰ ਨਵੀਨਤਾਕਾਰੀ ਅਤੇ ਭਾਈਚਾਰਾ-ਆਧਾਰਿਤ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ, ਜੋ ਰਸਮੀ ਅਦਾਲਤੀ ਪ੍ਰਣਾਲੀ ਦੇ ਵਿਕਲਪ ਪ੍ਰਦਾਨ ਕਰਦੀਆਂ ਹਨ, ਇੱਕ ਨਵੀਂ ਇੱਕ-ਵਾਰ ਦੀ ਗ੍ਰਾਂਟ ਵਿੱਚ $1.2 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਅਲਬਰਟਾ ਕਮਿਊਨਿਟੀ ਜਸਟਿਸ ਗ੍ਰਾਂਟ ਇੱਕ ਅਜਿਹੇ ਭਾਈਚਾਰਕ ਮਾਹੌਲ ਦੇ ਅੰਦਰ ਨਿਆਂ ਤੱਕ ਪਹੁੰਚ ਨੂੰ ਵਧਾਉਣ ਵਿੱਚ ਮਦਦ ਕਰੇਗੀ ਜੋ ਸਰਗਰਮ, ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ, ਸਦਮਾ-ਸੂਚਿਤ ਅਤੇ ਕਮਜ਼ੋਰ ਅਲਬਰਟਾ ਵਾਸੀਆਂ ਦੀਆਂ ਖਾਸ ਲੋੜਾਂ ਦੇ ਅਨੁਸਾਰ ਤਿਆਰ ਕੀਤਾ ਗਿਆ ਹੈ।

“ਭਾਈਚਾਰਕ ਨਿਆਂ ਪ੍ਰੋਗਰਾਮ ਰਸਮੀ ਅਦਾਲਤੀ ਪ੍ਰਣਾਲੀ ਲਈ ਸਿੱਧ ਅਤੇ ਨਵੀਨਤਾਕਾਰੀ ਵਿਕਲਪ ਹਨ। ਇਹ ਗ੍ਰਾਂਟ ਅਲਬਰਟਾ ਵਾਸੀਆਂ ਨੂੰ ਨਿਆਂ ਪ੍ਰਣਾਲੀ ਤੱਕ ਪਹੁੰਚ ਕਰਨ ਲਈ ਹੋਰ ਜ਼ਿਆਦਾ ਵਿਕਲਪ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਪ੍ਰੋਗਰਾਮਾਂ ਦੀ ਪੜਚੋਲ ਕਰਨ ਅਤੇ ਤਿਆਰ ਕਰਨ ਵਿੱਚ ਭਾਈਚਾਰਕ ਸੰਸਥਾਵਾਂ ਦੀ ਮਦਦ ਕਰੇਗੀ ਅਤੇ ਅਦਾਲਤਾਂ 'ਤੇ ਦਬਾਅ ਨੂੰ ਘਟਾਉਣ ਵਿੱਚ ਮਦਦ ਕਰੇਗੀ।"

*ਮਿਕੀ ਐਮਰੀ (Mickey Amery), ਨਿਆਂ ਮੰਤਰੀ ਅਤੇ ਅਟਾਰਨੀ ਜਨਰਲ*

ਭਾਈਚਾਰਕ ਨਿਆਂ ਦਾ ਟੀਚਾ ਹੈ ਭਾਈਚਾਰੇ ਦੇ ਮੈਂਬਰਾਂ ਨੂੰ ਫੈਸਲੇ ਲੈਣ ਵਿੱਚ ਸ਼ਾਮਲ ਕਰਨਾ ਅਤੇ ਵਿਚੋਲਗੀ, ਸ਼ਾਂਤੀ ਲਿਆਉਣ ਅਤੇ ਹੋਰ ਭਾਈਚਾਰਾ-ਆਧਾਰਿਤ ਪ੍ਰਕਿਰਿਆਵਾਂ, ਜੋ ਅਦਾਲਤ ਦੇ ਬਾਹਰ ਟਕਰਾਵ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੀਆਂ ਹਨ, ਰਾਹੀਂ ਟਕਰਾਵ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਲਈ ਸਹਿਯੋਗਾਤਮਕ ਸਮੱਸਿਆ-ਹੱਲ ਨੂੰ ਉਤਸ਼ਾਹਿਤ ਕਰਨਾ। ਇਸ ਦਾ ਟੀਚਾ ਭਾਈਚਾਰਕ ਸ਼ਮੂਲੀਅਤ, ਰੋਕਥਾਮ ਪ੍ਰੋਗਰਾਮਾਂ ਅਤੇ ਨਿਆਂ ਤੱਕ ਵਿਕਲਪਕ ਪਹੁੰਚਾਂ ਰਾਹੀਂ ਸੁਰੱਖਿਅਤ ਅਤੇ ਮਜ਼ਬੂਤ ਭਾਈਚਾਰਿਆਂ ਦਾ ਨਿਰਮਾਣ ਕਰਨਾ ਵੀ ਹੈ।

ਯੋਗ ਭਾਈਚਾਰਾ-ਆਧਾਰਿਤ ਸੰਸਥਾਵਾਂ ਅਤੇ ਦਿਲਚਸਪੀ ਸਮੂਹ ਮੌਜੂਦਾ ਭਾਈਚਾਰਕ ਨਿਆਂ ਪ੍ਰੋਗਰਾਮਾਂ ਦਾ ਸਮਰਥਨ ਕਰਨ ਜਾਂ ਰਸਮੀ ਅਦਾਲਤੀ ਪ੍ਰਣਾਲੀ ਦੇ ਨਵੀਨਤਾਕਾਰੀ ਵਿਕਲਪ ਬਣਾਉਣ ਲਈ $5,000 ਤੋਂ $25,000 ਦੇ ਵਿਚਕਾਰ ਇੱਕ-ਵਾਰ ਦੀ ਗ੍ਰਾਂਟ ਲਈ ਅਰਜ਼ੀ ਦੇ ਸਕਦੇ ਹਨ। ਅਰਜ਼ੀਆਂ 31 ਜਨਵਰੀ ਤੋਂ 29 ਫਰਵਰੀ ਤੱਕ ਸਵੀਕਾਰ ਕੀਤੀਆਂ ਜਾਣਗੀਆਂ।

“25 ਸਾਲਾਂ ਤੋਂ, ਕੈਲਗਰੀ ਯੂਥ ਜਸਟਿਸ ਸੋਸਾਇਟੀ ਨੇ 15,000 ਤੋਂ ਵੱਧ ਨੌਜਵਾਨਾਂ ਦੀ ਜ਼ਿੰਦਗੀ ਦੇ ਔਖੇ ਹਾਲਾਤਾਂ ਅਤੇ ਕਈ ਵਾਰ ਮਾੜੀਆਂ ਚੋਣਾਂ, ਜੋ ਉਹਨਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕ ਸਕਦੀਆਂ ਹਨ, ਵਿੱਚੋਂ ਆਪਣਾ ਰਾਹ ਲੱਭਣ ਵਿੱਚ ਮਦਦ ਕੀਤੀ ਹੈ। ਇਸ ਗ੍ਰਾਂਟ ਵਰਗਾ ਨਿਵੇਸ਼ ਜੋ ਲੋਕਾਂ ਨੂੰ ਨਿਆਂ ਪ੍ਰਣਾਲੀ ਤੋਂ ਦੂਰ ਲਿਜਾਣ ਅਤੇ ਭਾਈਚਾਰੇ ਵਿੱਚ ਪ੍ਰਭਾਵਸ਼ਾਲੀ ਹੱਲਾਂ ਵੱਲ ਲਿਜਾਣ ਦੇ ਮੌਕਿਆਂ ਦਾ ਸਮਰਥਨ ਕਰਦਾ ਹੈ, ਸਾਰੇ ਅਲਬਰਟਾ ਵਾਸੀਆਂ ਲਈ ਇੱਕ ਜਿੱਤ ਹੈ।"
*ਡੇਨਿਸ ਬਲੇਅਰ (Denise Blair), ਕਾਰਜਕਾਰੀ ਨਿਰਦੇਸ਼ਕ, ਕੈਲਗਰੀ ਯੂਥ ਜਸਟਿਸ ਸੋਸਾਇਟੀ*

“2021 ਤੋਂ, ਹੌਰਨ ਆਫ ਅਫਰੀਕਾ ਐਜੁਕੇਸ਼ਨਲ ਐਂਡ ਇਕਨਾਮਿਕ ਡਿਵੈਲਪਮੈਂਟ ਸੋਸਾਇਟੀ ਆਪਣੇ ਭਾਈਚਾਰੇ ਨੂੰ ਸੱਭਿਆਚਾਰਕ ਤੌਰ 'ਤੇ ਢੁਕਵੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਿਤ ਹੈ। ਇਹ ਨਵੀਂ ਗ੍ਰਾਂਟ ਸਾਡੇ ਵਰਗੀਆਂ ਭਾਈਚਾਰਕ ਸੰਸਥਾਵਾਂ ਲਈ ਬਹੁਮੁੱਲੇ ਸਰੋਤਾਂ ਵਜੋਂ ਕੰਮ ਕਰੇਗੀ ਤਾਂ ਜੋ ਫੌਜ਼ਦਾਰੀ ਅਦਾਲਤਾਂ ਤੋਂ ਬਾਹਰ ਸੱਭਿਆਚਾਰਕ ਤੌਰ 'ਤੇ ਸਹਾਇਕ ਮਾਹੌਲ ਵਿੱਚ ਕਾਨੂੰਨੀ ਮਾਮਲਿਆਂ ਨੂੰ ਹੱਲ ਕਰਨ ਵਿੱਚ ਅਲਬਰਟਾ ਵਾਸੀਆਂ ਦੀ ਸਹਾਇਤਾ ਕੀਤੀ ਜਾ ਸਕੇ।"
*ਯੂਸਫ ਅਲੀ (Yusuf Ali), ਬੋਰਡ ਚੇਅਰਪਰਸਨ, ਹੌਰਨ ਆਫ ਅਫਰੀਕਾ ਐਜੁਕੇਸ਼ਨਲ ਐਂਡ ਇਕਨਾਮਿਕ ਡਿਵੈਲਪਮੈਂਟ ਸੋਸਾਇਟੀ*

“ਅਲਬਰਟਾ ਕਮਿਊਨਿਟੀ ਜਸਟਿਸ ਗ੍ਰਾਂਟ ਪ੍ਰੋਗਰਾਮ ਨਿਆਂ ਦਾ ਅਨੁਭਵ ਕਰਨ, ਲਚਕੀਲਾਪਣ ਲਿਆਉਣ ਅਤੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਪਰਿਵਾਰਾਂ ਦੀ ਸਹਾਇਤਾ ਕਰਨ ਦੀ ਵਚਨਬੱਧਤਾ ਦਾ ਪ੍ਰਤੀਕ ਹੈ। ਅਲਬਰਟਾ ਦੀ ਰਿਫਾਰਮਿੰਗ ਦਿ ਫੈਮਿਲੀ ਜਸਟਿਸ ਸਿਸਟਮ (ਪਰਿਵਾਰਕ ਨਿਆਂ ਪ੍ਰਣਾਲੀ ਵਿੱਚ ਸੁਧਾਰ ਕਰਨਾ) ਪਹਿਲਕਦਮੀ ਨਾਲ ਕੰਮ ਕਰਨ ਵਾਲੇ ਭਾਈਚਾਰੇ ਪ੍ਰਤਿਕੂਲ ਕਾਨੂੰਨੀ ਪ੍ਰਕਿਰਿਆਵਾਂ 'ਤੇ ਨਿਰਭਰਤਾ ਨੂੰ ਘਟਾਉਣ ਲਈ ਅਤੇ ਨਾਲ ਹੀ ਉਨ੍ਹਾਂ ਦੇ ਸਮਾਜਿਕ, ਰਿਸ਼ਤੇ, ਪਾਲਣ-ਪੋਸ਼ਣ, ਵਿੱਤੀ ਅਤੇ ਸਿਹਤ ਮੁੱਦਿਆਂ ਲਈ ਲੋੜੀਂਦੇ ਸਮਰਥਨ ਅਤੇ ਹੁਨਰਾਂ ਤੱਕ ਪਹੁੰਚ ਨੂੰ ਸਮਰੱਥ ਬਣਾਉਂਦੇ ਹੋਏ, ਪਰਿਵਰਤਨਸ਼ੀਲ ਅੰਤਰ-ਸੈਕਟਰ ਨਵੀਨਤਾਵਾਂ ਦੀ ਪੜਚੋਲ ਕਰ ਰਹੇ ਹਨ। ਇਸ ਨਵੇਂ ਤਰੀਕੇ ਨਾਲ ਬਣਾਈ ਗਈ ਪ੍ਰਣਾਲੀ ਵਿੱਚ, ਪਰਿਵਾਰ ਵਧਣ-ਫੁੱਲਣਗੇ।”
*ਡਾਇਨਾ ਲੋਵੇ (Diana Lowe), ਨਿਆਂ ਪ੍ਰਣਾਲੀ ਸਲਾਹਕਾਰ, ਨਿਆਂ ਨੂੰ ਮੁੜ ਤਿਆਰ ਕਰਨਾ*

ਇੱਕ-ਵਾਰ ਦੀ ਗ੍ਰਾਂਟ ਪ੍ਰੋਗਰਾਮਾਂ ਤੱਕ ਪਹੁੰਚਯੋਗਤਾ ਨੂੰ ਵਧਾਉਣ ਲਈ ਲੋੜਾਂ ਦੇ ਮੁਲਾਂਕਣ, ਸਿਖਲਾਈ ਸਰੋਤ, ਤਕਨੀਕੀ ਸਹਾਇਤਾ ਅਤੇ ਖੋਜ ਦੇ ਯਤਨਾਂ ਸਮੇਤ ਭਾਈਚਾਰਕ ਨਿਆਂ ਪਹਿਲਕਦਮੀਆਂ ਦਾ ਸਮਰਥਨ ਕਰੇਗੀ।

## ਫੌਰੀ ਤੱਥ

- ਅਰਜ਼ੀਆਂ ਅਲਬਰਟਾ ਵਿੱਚ ਅਧਾਰਤ ਅਤੇ ਇਹਨਾਂ ਵਿੱਚੋਂ ਇੱਕ ਵੱਲੋਂ ਹੋਣੀਆਂ ਚਾਹੀਦੀਆਂ ਹਨ:
    - ਰਜਿਸਟਰ ਕੀਤੀਆਂ ਗੈਰ-ਮੁਨਾਫ਼ਾ ਸੰਸਥਾਵਾਂ ਅਤੇ/ਜਾਂ ਚੰਗੀ ਸਥਿਤੀ ਵਾਲੀਆਂ ਰਜਿਸਟਰਡ ਚੈਰਿਟੀਆਂ

  - ਇੱਕ ਫਰਸਟ ਨੇਸ਼ਨ, ਅਲਬਰਟਾ ਦੀ ਮੈਟਿਸ ਨੇਸ਼ਨ ਜਾਂ ਮੈਟਿਸ ਸੈਟਲਮੈਂਟਾਂ
  - ਮਿਊਂਨਿਸਿਪਲਟੀਆਂ
  - ਇੱਕ ਮਨੋਨੀਤ ਵਿੱਤੀ ਏਜੰਟ ਵਾਲੇ ਭਾਈਚਾਰਕ ਸਮੂਹ
- ਵਿਅਕਤੀ, ਅਕਾਦਮਿਕ ਸੰਸਥਾਵਾਂ, ਲਾਭਕਾਰੀ ਸੰਸਥਾਵਾਂ, ਕ੍ਰਾਊਨ ਕਾਰਪੋਰੇਸ਼ਨਾਂ, ਪੁਲਿਸ ਸੇਵਾਵਾਂ ਅਤੇ ਜਨਤਕ ਤੌਰ 'ਤੇ ਫੰਡ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਯੋਗ ਨਹੀਂ ਹਨ।

**ਸੰਬੰਧਿਤ ਜਾਣਕਾਰੀ**

- ਅਲਬਰਟਾ ਕਮਿਊਨਿਟੀ ਜਸਟਿਸ ਗ੍ਰਾਂਟ
- ਅਲਬਰਟਾ ਕਮਿਊਨਿਟੀ ਜਸਟਿਸ ਗ੍ਰਾਂਟ ਦਿਸ਼ਾ ਨਿਰਦੇਸ਼

**ਮਲਟੀਮੀਡੀਆ**

- ਨਿਊਜ਼ ਕਾਨਫਰੰਸ ਦੇਖੋ

**ਮੀਡੀਆ ਪੁੱਛ-ਗਿਛ**

ਚਿਨਯੇ ਅਨੋਕਵਰੁ (Chinenye Anokwuru)

Chinenye.Anokwuru@gov.ab.ca

(780) 720-1915

ਸੀਨੀਅਰ ਪ੍ਰੈਸ ਸੈਕ੍ਰੇਟਰੀ, ਜਸਟਿਸ